ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030214
Available online at: www.armaan.org.in
DOI: https://doi.org/10.64119/armaan.vol.3.issue2.14

# TANN-MANN DA DHAANG: 'FANIAR'

# ਤਨ-ਮਨ ਦਾ ਡੰਗ: 'ਫਨੀਅਰ'

ਡਾ. ਚੰਦਰ ਪ੍ਰਕਾਸ (Dr. Chander Prakash)
ਮੁਖੀ, ਪੰਜਾਬੀ ਵਿਭਾਗ (Head, Punjabi Department)
ਐਮ.ਐਮ.ਡੀ. ਡੀਏਵੀ ਕਾਲਜ, ਗਿੱਦੜਬਾਹਾ (ਪੰਜਾਬ)
Email ID: chanderadeeb@gmail.com ਮੋਬਾਈਲ: +91-85281-00088

**ਸਾਰ (Abstract)**

*ਰਚਨਾ ਅੰਦਰ ਸਹਿਜ, ਸੁਹਜ, ਸੰਵੇਦਨਾ, ਸਮੇਂ/ਵੇਲੇ ਆਦਿ ਦੀਆਂ ਗੱਲਾਂ ਦਾ ਢੁੱਕਵਾਂ ਰਲਾਅ ਹੋਵੇ ਤਾਂ ਲੰਬੇ ਸਮੇਂ ਤੱਕ ਜੀਵੰਤਤਾ ਦੇ ਆਸਾਰ ਬਣੇ ਰਹਿੰਦੇ ਹਨ। ਠੋਸ ਟੈਕਸਟ ਦੀ ਚਿਹਨਕਾਰੀ ਦਾ ਕਾਰਜ ਅਰਥਾਂ ਨੂੰ ਖੁੱਲ੍ਹਾ ਕਰਨ ਦਾ ਮੌਕਾ ਦਿੰਦਾ ਹੈ। ਸੰਵਾਦ ਬਣਿਆ ਰਹਿੰਦਾ ਹੈ। ਦਰਸ਼ਨ ਜੋਗਾ ਦੇ ਕਥਾ-ਜਗਤ ਦੀ ਇਹ ਸਿਫ਼ਤ ਹੈ ਕਿ ਇਹ ਪਾਠ-ਪਾਠਕ ਦਾ ਸੰਵਾਦਕ ਰਿਸ਼ਤਾ ਸਿਰਜਦਾ ਹੈ। ਪਾਠਕ ਕਹਾਣੀਆਂ ਪੜ੍ਹਦਿਆਂ ਸੋਚਦੈ। ਜਾਗਦੈ। ਸੁੰਨ ਹੁੰਦੈ। ਸੰਵਾਰਦੈ। ਨਮਸਕਾਰ, ਮੁੱਕਦੀ ਗੱਲ ਤੋਂ ਬਾਅਦ ਇਸ ਤੀਜੇ ਸੰਗ੍ਰਹਿ ਫਨੀਅਰ ਦੀਆਂ ਕਹਾਣੀਆਂ ਨੇ ਤਸਦੀਕ ਕਰ ਦਿੱਤਾ ਹੈ ਕਿ ਉਹ ਪਾਤਰਾਂ ਨਾਲ ਅਭੇਦ ਹੋ ਕੇ ਉਨ੍ਹਾਂ ਦੇ ਅੰਦਰੋਂ-ਬਾਹਰੋਂ ਘਣਾ ਕੁਝ ਕੱਢ ਲਿਆਉਂਦਾ ਹੈ। 'ਤਨ-ਮਨ' ਨੂੰ ਫੜਨ ਦੀ ਜਾਚ: ਉਸਨੂੰ ਨਿਆਰਾ ਕਹਾਣੀਕਾਰ ਬਣਾਉਂਦੀ ਹੈ।*

***ਕੀਵਰਡ (Keyword): ਦਰਸ਼ਨ ਜੋਗਾ, ਫਨੀਅਰ, ਸ਼ਬਦ, ਤਨ-ਮਨ, ਜਾਤ-ਵਿਵਸਥਾ।***

## ਭੂਮਿਕਾ

'ਤਨ-ਮਨ ਦੇ ਡੰਗ' ਨੂੰ ਉਲੀਕਦੀਆਂ ਸੱਤ ਕਹਾਣੀਆਂ ਦੀ ਪਰਤ ਹੇਠ ਸੱਤਰ ਕਹਾਣੀਆਂ ਪਈਆਂ ਨੇ। ਇਨ੍ਹਾਂ ਨੂੰ ਜਾਣਨ ਲਈ ਉਪ-ਸਿਰਲੇਖ ਨਿਰਧਾਰਤ ਕੀਤੇ ਜਾ ਰਹੇ ਹਨ:-

### 1. ਤਿੰਨ ਸ਼ਬਦਾਂ ਦਾ ਫਿਕਰਾ: ਕੁਛ ਨੀਂ ਹੁੰਦਾ

1.1 ਭਾਸ਼ਾ ਵਿਗਿਆਨ ਦੇ ਖੇਤਰ ਵਿਚ 'ਸ਼ਬਦ ਸ਼੍ਰੇਣੀਆਂ' ਦਾ ਵੱਖਰਾ ਅਧਿਆਇ ਹੈ। ਜੀਵਨ ਲੜੀ ਵਿਚ ਸ਼ਬਦ 'ਹਰਕਤ' ਕਰਦੇ ਨੇ। ਬੰਦੇ ਦੇ ਬੋਲ ਤੋਂ ਕਿਰਦਾਰ, ਵਿਚਾਰਧਾਰਾ, ਅਹੁਦੇ ਆਦਿ ਦੀ ਪਛਾਣ ਦਾ ਅੰਦਾਜ਼ਾ ਵੀ ਹੋ ਜਾਂਦਾ ਹੈ। ਸ਼ਬਦ 'ਚ ਵੱਡੀ ਤਾਕਤ ਹੈ। ਮੁਹੱਬਤੀ ਸ਼ਬਦ ਜੋੜਦੇ ਨੇ। ਕੌੜੇ ਤੋੜਦੇ ਨੇ। ਆਪਣੇ ਅਤੇ ਪਰਾਏ ਦਾ ਪਤਾ ਵੀ 'ਸ਼ਬਦ'ਤੋਂ ਲੱਗ ਜਾਂਦਾ। ਸ਼ਬਦ ਦੀ ਖੇਡ ਨਿਰਾਲੀ ਹੈ। ਸਾਹਿਤਕਾਰ ਦੀ 'ਸ਼ਬਦ- ਪਹੁੰਚ' ਪਾਠਕ ਨਾਲ ਨਾਤਾ ਜੋੜਦੀ ਹੈ। *'ਇੱਕ ਥਾਂ 'ਤੇ ਢੁੱਕਵਾਂ ਸ਼ਬਦ ਇੱਕੋ- ਇੱਕ ਹੁੰਦਾ ਹੈ। ਸਾਹਿਤਕਾਰ ਲਈ ਉਸ ਤੱਕ ਪਹੁੰਚਣਾ ਜ਼ਰੂਰੀ ਹੈ।'* [1] ਸ਼ਬਦਾਂ ਦੀ ਅਦਲਾ- ਬਦਲੀ ਮੱਚ ਮਾਰ ਦਿੰਦੀ ਹੈ।

1.1.1 ਲੰਜਾਇਨਸ ਨੇ ਮਹਾਨ, ਅਸਧਾਰਨ, ਉਚੇਰੀ ਰਚਨਾ ਆਦਿ ਲਈ 'ਉੱਦਾਤ' ਸ਼ਬਦ ਵਰਤਿਆ ਹੈ। ਉਸਨੇ ਇਸ ਸਿਧਾਂਤ ਰਾਹੀਂ ਸਲਾਹ ਦਿੱਤੀ ਹੈ ਕਿ 'ਸ਼ਬਦ-ਆਡੰਬਰ' ਤੋਂ ਬਚਣਾ ਚਾਹੀਦਾ ਹੈ। ਸ਼ਬਦਾਂ/ਭਾਵਾਂ ਦੀ ਉੱਤਮਤਾ ਹੀ ਰੰਗ ਲਿਆਉਂਦੀ ਹੈ। ਅਰੋਕ ਭਾਵ-ਪ੍ਰਵਾਹ ਲਈ ਸ਼ਬਦ -ਝੋਲ ਨਾਮੰਜ਼ੂਰ ਹੈ। ਪਾਠਕ/ਸਰੋਤੇ ਨੂੰ 'ਰਤਾ ਕੁ ਝੌਲਾ ਪਵੇ ਕਿ ਵਕਤਾ ਪ੍ਰਭਾਵ ਪਾਉਣ ਲਈ *'ਜ਼ੋਰ' ਲਾ ਰਿਹਾ ਹੈ ਤਾਂ ਪ੍ਰਭਾਵ ਜਨਮ ਲੈਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ।'* [2]

1.1.2 ਦਰਸ਼ਨ ਜੋਗਾ ਜਾਣਦੈ ਹੈ ਕਿ ਕਹਾਣੀ, ਪੜ੍ਹਨ ਦੇ ਨਾਲ-ਨਾਲ, 'ਸੁਣਨ- ਸੁਣਾਉਣ' ਨਾਲ ਵੀ ਜੁੜੀ ਹੋਈ ਹੈ। ਸੋ, ਸ਼ਬਦਾਂ ਨੂੰ ਬਣਦਾ 'ਹੱਕ/ਥਾਂ' ਦਿੰਦਾ ਹੈ। ਪਾਤਰ, ਘਟਨਾ, ਕਥਾ, ਸਮੇਂ ਆਦਿ ਅਨੁਸਾਰ।

1.2 *'ਕੁਛ ਨੀ ਹੁੰਦਾ...' ਇਸ ਫਿਕਰੇ ਨੇ ਮੇਰਾ ਅੰਦਰ ਮੱਚਣ ਦਾਤਾ...। ਤਿੰਨ ਸ਼ਬਦਾਂ ਦਾ ਫਿਕਰਾ ਕਾਹਦਾ, ਇਹ ਤਾਂ ਬੰਬ ਬਣ ਕੇ ਫਟ ਗਿਆ।* [3] ਇਹ ਕਹਾਣੀ ਦੇ ਪਹਿਲੇ ਬੋਲ ਨੇ।

1.2.1 ਅੰਤਲੇ ਬੋਲ ਵੀ ਪੜ੍ਹੋ/ ਸੁਣੋ:- *'ਜਦੋਂ ਹਾਬੜਿਆ ਹੋਇਆ ਕਹਿੰਦਾ ਹੁੰਦਾ ਸੀ 'ਕੁਛ ਨੀਂ ਹੁੰਦਾ...' 'ਕੁਛ ਨੀਂ ਹੁੰਦਾ...। 'ਹੁਣ ਵੀ ਆਫ਼ਤ ਨੀ ਆਗੀ। ਤੇਰੇ ਨਿਸ਼ਾਨਿਆਂ ਨਾਲ ਤਾਂ ਬੰਦੇ ਮਰਦੇ ਰਹੇ ਐ, ਮੇਰੇ ਨਿਸ਼ਾਨੇ ਜਿਉਣ ਦੇ ਨੇ। 'ਤਿੰਨਾਂ ਦੇ ਹੱਸਦੇ ਚਿਹਰੇ ਵੇਖ ਮੇਰੀ ਜ਼ਬਾਨ ਠਾਕੀ ਗਈ।* [4]

1.3 ਸ਼ਬਦ ਤਿੰਨ ਨੇ। ਖ਼ੁਸ਼ ਵੀ ਤਿੰਨ ਨੇ। ਫ਼ਰਕ ਕੇਵਲ ਇਨ੍ਹਾਂ ਹੈ ਕਿ ਇਹ ਬੋਲ ਸਨਮੁੱਖ ਭੁੱਲਰ ਦੇ ਮੂੰਹੋਂ ਨਿਕਲਦੇ ਵੇਲੇ ਉਸਦੀ ਫੌਜੀ/ ਪੂੰਜੀ/ ਜਗੀਰੂ ਧੌਂਸ ਦੀ ਪ੍ਰਤੀਨਿਧਤਾ ਕਰਦੇ ਹਨ; ਜਦ ਨੌਕਰਾਣੀ ਸੋਮਾ ਦੇ ਹਿੱਸੇ ਆਉਂਦੇ ਹਨ ਤਾਂ ਸਮਾਜਕ ਤਬਦੀਲੀ ਸੂਚਕ ਹੋ ਨਿਬੜਦੇ ਨੇ।

1.3.1 ਕਹਾਣੀ ਤਾਂ ਸਿਰਫ਼ ਐਨੀ ਹੈ ਕਿ ਪਹਿਲੀ ਸੰਸਾਰ ਜੰਗ ਵੇਲੇ ਤੋਂ ਫ਼ੌਜੀ ਸੁਭਾਅ ਨਾਲ ਜੁੜੇ ਪਰਿਵਾਰ ਦੀ ਚੌਥੀ ਪੀੜ੍ਹੀ ਦਾ ਵਿਸ਼ਵ, ਬਾਪ ਸਨਮੁੱਖ ਭੁੱਲਰ ਦੀ ਇੱਛਾ ਵਿਰੁੱਧ ਸੰਗੀਤ/ ਕਲਾ ਨੂੰ ਮੋਹ ਕਰਦਾ ਹੋਇਆ ਨੌਕਰਾਣੀ ਸੋਮਾ ਦੀ ਧੀ ਸ਼ਿਵਾਨੀ ਨਾਲ ਵਿਆਹ ਕਰਵਾ ਵੱਖਰਾ ਰਾਹ ਚੁਣਦਾ ਹੈ।

1.3.2 'ਕੁਛ ਨੀ ਹੁੰਦਾ' ਸ਼ਬਦ 'ਕੁਛ ਹੋਣ' ਵਿਚ ਬਦਲ ਕੇ ਡੂੰਘੇ ਅਰਥ ਪ੍ਰਗਟਾ ਜਾਂਦਾ ਹੈ। ਸ਼ਿਵਾਨੀ, ਸੋਮਾ, ਵਿਸ਼ਵ ਤਿੰਨ ਜਣਿਆਂ ਦਾ ਜੁੱਟ ਇਕ ਪਾਸੇ ਹੋ ਸਨਮੁੱਖ ਭੁੱਲਰ ਨੂੰ ਇੱਕਲਤਾ, ਬੇਗਾਨਗੀ ਵੱਲ ਧਕੇਲਦਾ ਹੈ। ਭੁੱਲਰ ਦੀ 'ਵ੍ਹੀਲ-ਚੇਅਰ ਸਹਾਰੇ ਚੱਲਣ ਵਾਲੀ ਜ਼ਿੰਦਗੀ 'ਚ ਨਵਾਂ ਆਇਆ ਮੋੜ; ਵਿਛੜ ਚੁੱਕੀ ਪਤਨੀ ਰਾਣੋ ਨੂੰ ਮੁੜ-ਮੁੜ ਯਾਦ ਕਰਨ ਲਈ ਮਜਬੂਰ ਕਰਦਾ ਹੈ। 'ਤੇ ਸੋਮਾ ਦੇ ਹੱਕ ਵਿਚ ਲਏ ਪੂਰਵਲੇ ਫ਼ੈਸਲਿਆਂ ਦਾ ਪਛਤਾਵਾ ਕਰਨ ਲੱਗਦਾ ਹੈ।

1.4 ਸੋਮਾ ਦੇ ਘਰਵਾਲੇ ਬੈਂਕ ਕਲਰਕ ਦੀ ਐਕਸੀਡੈਂਟ ਮੌਤ ਕਾਰਣ ਉਸਦਾ ਸੇਵਾਦਾਰ ਵੱਜੋਂ ਨਿਯੁਕਤ ਹੋਣਾ; ਰਾਣੋ ਦਾ ਬੈਂਕ 'ਚ ਮਿਲਣਾ; ਭੁੱਲਰ ਹੁਰਾਂ ਵੱਲੋਂ ਘਰ ਦੇ ਨੌਕਰ-ਕਮਰੇ 'ਚ ਦਾਖ਼ਲਾ ਦੇਣਾ; ਵਿਸ਼ਵ ਨੂੰ ਸ਼ੂਟਰ ਬਣਾਉਣ ਦੇ ਸੁਪਨੇ ਦੇਖਣੇ; ਪਰਿਵਾਰ ਦੀ ਨਿਸ਼ਾਨੇਬਾਜ਼ੀ/ ਫ਼ੌਜ ਚੜ੍ਹਤ; ਮੂਸੇਵਾਲਾ ਕਾਂਡ ਦਾ ਜ਼ਿਕਰ; ਸ਼ਿਵਾਨੀ ਦੀਆਂ ਕਲਾ ਰੁਚੀਆਂ; ਸੋਮਾ ਦਾ ਘਰ ਸੰਭਾਲਣਾ; ਸ਼ਿਵਾਨੀ ਦੇ ਜਨਮਦਿਨ 'ਤੇ ਵਧਦੇ ਕਦਮ ਆਦਿ-ਆਦਿ ਘਟਨਾਵੀ ਕ੍ਰਮ ਪਾਠਕ ਨੂੰ ਇਨ੍ਹਾਂ 'ਤਿੰਨ ਸ਼ਬਦਾਂ' ਨਾਲ ਜੋੜੀ ਰੱਖਦੇ ਨੇ। ਪਾਠਕ ਆਪਣੀ ਸਮਰੱਥਾ ਮੁਤਾਬਕ ਨਵੇਂ ਅਰਥਾਂ ਦੀ ਤਲਾਸ਼ ਕਰ ਸਕਦੈ।

**2. ਪਿੰਡੇ ਦਾ ਕਲੇਸ਼: ਅੰਬਰੀ ਆਂਡਾ**

*2.1 'ਇਕਦਮ ਹੱਥ ਕਮੀਜ਼ ਹੇਠ ਜਾਂਦੈ...ਆਪਣੇ ਆਪ ਨੂੰ ਬੋਚਣ ਲੱਗਦੀ ਆਂ...ਅੰਦਰੋਂ ਧੂੰਆਂ ਉੱਠਦੈ...ਕੈਅ ਆਉਂਦੀ ਐ...ਕਚਿਆਣ ਨਾਲ ਜੀਅ ਕੱਚਾ ਹੁੰਦੈ...ਪਿੰਡੇ 'ਚੋਂ ਸੇਕ ਮਾਰਦੈ...। ਪਿੰਡੇ ਦੇ ਈ ਤਾਂ ਸਾਰੇ ਕਲੇਸ਼ ਨੇ...ਸਰੀਰ ਕਿਰਦਾ ਜਾ ਰਿਹੈ...*[5] ਕਹਾਣੀ ਦਾ ਆਰੰਭਲਾ ਬਿਰਤਾਂਤਕ ਦ੍ਰਿਸ਼ ਇਹੋ ਜਿਹਾ ਹੈ ਅਤੇ ਅੰਤਲੇ ਖੰਡ ਤੋਂ ਪਹਿਲਾਂ ਇਉਂ ਦੀ ਸਥਿਤੀ ਹੈ। *'ਭੂਆ ਮੰਮੀ, ਰੋੜਕੀ ਵਾਲੇ ਪਾਪਾ ਕੋਲ ਨੀਂ ਰਹਿਣਾ।' ---"ਕੀ ਗੱਲ ਬੇਟਾ...ਮੈਂ ਉਸਨੂੰ ਵਰਿਆ ਕੇ ਪੁੱਛਿਆ। "ਉਹ ਮੂਧਾ ਹੋ ਕੇ ਆਪਣਾ ਪਿੱਛਾ ਮੈਨੂੰ ਵਿਖਾਉਣ ਲੱਗਾ...। ਵੇਖ ਕੇ ਮੇਰੀਆਂ ਅੱਖਾਂ ਮੂਹਰੇ ਹਨੇਰਾ ਛਾਅ ਗਿਆ ...ਜ਼ਮੀਨ ਅਸਮਾਨ ਇਕ ਹੋਗੇ...।'*[6]

2.1.1 ਪਹਿਲੇ ਮਨੋ-ਸੰਵਾਦ ਦਾ ਸੰਬੰਧ ਸਮਸ਼ੀਰ ਨਾਲ ਹੈ। ਦੂਜੇ ਦਾ ਸਨੇਹ ਨਾਲ। ਯਾਨਿ ਭੂਆ ਦੀ ਭਤੀਜੇ ਬਾਰੇ ਫ਼ਿਕਰਮੰਦੀ। ਸਮਸ਼ੀਰ ਨੇ ਕੀੜੇਮਾਰ ਦਵਾਈਆਂ ਦਾ ਕਾਰੋਬਾਰ ਕਰਦੇ ਅਮਨ ਨਾਲ ਇਸ ਸ਼ਰਤ 'ਤੇ ਵਿਆਹ ਕਰਵਾਇਆ ਸੀ ਕਿ ਉਹ ਆਪਣੇ ਅਧਰੰਗ/ ਅਪਾਹਜਤਾ ਨਾਲ ਜੂਝਦੇ ਭਤੀਜੇ ਦੀ ਪਰਵਰਿਸ਼ ਕਰਨ ਲਈ ਉਸਨੂੰ ਨਾਲ ਰੱਖੇਗੀ। ਕਾਰਣ: ਉਸਦੇ ਵੀਰ, ਰਾਜ ਦੀ ਮੌਤ ਬਾਅਦ ਸਨੇਹ ਦੀ ਮਾਂ ਨੇ ਕਿਤੇ ਹੋਰ ਵਿਆਹ ਕਰਵਾ ਲਿਆ ਹੈ। ਪਰ ਅਖੌਤੀ ਗੁਰਮਤਿ ਸੁਭਾਅ ਵਾਲਾ ਸਹੁਰਾ ਤਰਲੋਚਨ, ਦੂਹਰੇ ਸੁਭਾਅ ਵਾਲਾ ਹੈ; ਸ਼ਰਾਬ ਪੀਂਦਾ ਹੈ;ਕਥਾ/ਪ੍ਰਵਚਨ ਕਰਨ ਦੇ ਬਹਾਨੇ ਔਰਤਾਂ ਨੂੰ ਪ੍ਰਸ਼ਾਦ ਦੇਣ ਵੇਲੇ ਮੁੰਦਰੀਆਂ ਭੇਟ ਕਰਦਾ ਹੈ;ਰਾਗੀ ਕਹਾਉਂਦਾ ਹੈ;ਨੌਕਰਾਣੀ ਨੂੰ ਮਾੜੀ ਨੀਅਤ ਨਾਲ ਤੱਕਦਾ ਹੈ; ਪੁੱਤ 'ਤੇ ਦਾਬਾ ਰੱਖਦਾ ਹੈ। ਅਤੇ ਕਿਰਦਾਰ ਵੱਜੋਂ ਇਨ੍ਹਾਂ ਡਿੱਗ ਜਾਂਦਾ ਹੈ ਕਿ ਸਮਸ਼ੀਰ ਦੇ ਜਣੇਪੇ ਸਮੇਂ ਸਨੇਹ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾ ਬੈਠਦਾ ਹੈ।

2.1.2 ਚਿਰਾਂ ਤੋਂ ਇਕੱਠੇ ਹੋਏ ਗੁੱਸੇ 'ਚੋਂ ਸਮਸ਼ੀਰ ਦੇ ਬੋਲ ਸਮਸ਼ੀਰ ਬਣਦੇ ਨੇ: *'ਜੇ ਤੂੰ ਬੁੜ੍ਹੇ ਦੀ ਪੈੜ 'ਚ ਪੈਰ ਧਰਦੈਂ ...ਇਨ੍ਹਾਂ ਗੱਲਾਂ 'ਤੇ ਅੜਦੈਂ.. ਮੈਂ ਵੀ ਸਨੇਹ ਨਾਲ ਖੜੂੰ 'ਮੈਂ ਵੀ ਆਵਦੀ ਆਈ 'ਤੇ ਆਗੀ। --- ਮੇਰੇ ਸਿਵਾਏ ਇਸ ਅੰਬਰੀਂ ਆਂਡੇ ਦਾ ਹੋਰ ਹੈ ਵੀ ਕੌਣ...ਮੇਰਾ ਖ਼ੂਨ ਖੌਲਣ ਲੱਗਾ...।*[7]

2.2 ਕਹਾਣੀ ਇਕੋ ਵੇਲੇ ਧਰਮ ਦੇ ਮੁਖੌਟੇ ਲਾਹੁੰਦੀ ਹੈ; ਅਪੰਗਤਾ, ਬਾਲ-ਮਨ ਦੀਆਂ ਪਰਤਾਂ ਫਰੋਲਦੀ ਹੈ; ਨੌਕਰੀ ਪੇਸ਼ਾ ਔਰਤ ਨੂੰ ਸੋਨੇ ਦੇ ਆਂਡੇ ਵਾਲੀ ਮੁਰਗੀ ਸਮਝਣ ਵਾਲੇ ਮਰਦਾਊ ਦਾਬੇ ਨੂੰ ਵੰਗਾਰਦੀ ਹੈ। ਰਿਸ਼ਤਿਆਂ ਦੀ ਲੱਜ ਪਾਲਣ ਦਾ ਸੁਨੇਹਾ ਦਿੰਦੀ ਹੈ।

2.2.1 ਪੰਜਾਬੀ ਲੋਕ- ਪ੍ਰਬੰਧ ਵਿਚ ਭੂਆ-ਭਤੀਜੇ ਦੇ ਨਿੱਘੇ ਰਿਸ਼ਤੇ ਨੂੰ ਇਉਂ ਸੰਬੋਧਤ ਕੀਤਾ ਜਾਂਦਾ ਹੈ:- *'ਪੁੱਤ ਵੀਰ ਦਾ ਭਤੀਜਾ ਮੇਰਾ, ਭੂਆ ਕਹਿਕੇ ਮੱਥਾ ਟੇਕਦਾ।'*[7] ਭੂਆ, ਭਤੀਜੇ ਦੇ ਹੱਕ 'ਚ ਨਿੱਤਰਦੀ ਹੋਈ, ਨਿਰਣਾ ਲੈਂਦੀ ਹੈ। ਲਕੀਰ ਖਿੱਚਦੀ ਹੈ। ਭਤੀਜਾ, ਭੂਆ ਨੂੰ 'ਮਾਂ' ਦਾ ਰੁਤਬਾ ਦੇਕੇ ਸਤਿਕਾਰ ਭਾਵਨਾ ਜ਼ਾਹਰ ਕਰਦਾ ਹੈ।

2.3 ਕਹਾਣੀਕਾਰ, ਸਭਿਆਚਾਰਕ ਕੋਡ ਨੂੰ ਪ੍ਰਤੀਕਾਤਮਕ ਸਾਂਚੇ 'ਚ ਢਾਲ ਕੇ ਸੰਚਾਰ-ਮਾਡਲ ਬਣਾਉਂਦਾ ਹੈ। 'ਅੰਬਰੀ ਆਂਡਾ'; ਰਿਸ਼ਤਾ-ਸੂਚਕ ਹੈ। ਪਾਲਣਯੋਗ ਜਾਂ ਸੋਸਣ ਸਹਿਣਯੋਗ। ਪਾਠਕ ਅਜਿਹੇ ਸਵਾਲਾਂ ਨਾਲ ਰੁਬਰੂ

ਹੁੰਦਾ ਹੈ।

### 3. ਚੰਦ ਦਾ ਡੰਗ: ਫਨੀਅਰ

3.1 ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਵਿਚ 'ਫਨੀਅਰ' ਇੰਦਰਾਜ਼ ਅਧੀਨ ਲਿਖਿਆ ਗਿਆ ਹੈ ਕਿ:- 'ਫਣ ਵਾਲਾ ਸੱਪ (ਫਣੀਅਰ) ਆਪਣੀ ਨਾਗਮਾਣੀ ਦੀ ਸ਼ਕਤੀ ਨਾਲ ਮਹਾਨ ਤੇ ਦੈਵੀ ਪੁਰਸ਼ਾਂ ਨੂੰ ਸਹਿਜੇ ਹੀ ਪਛਾਣ ਲੈਂਦਾ ਹੈ ਅਤੇ ਉਹਨਾਂ ਦੇ ਸਿਰ ਤੇ ਫਣ ਨਾਲ ਛਤਰ ਕਰਨਾ ਆਪਣਾ ਕਰਤਵ ਸਮਝਦਾ ਹੈ। ਪੁਰਾਣਾਂ ਅਨੁਸਾਰ ਸੰਸਾਰ ਦੇ ਮੁੱਢ ਵਿੱਚ ਜਦੋਂ ਸਭ ਪਾਸੇ ਪਾਣੀ ਹੀ ਪਾਣੀ ਸੀ ਤੇ ਵਿਸ਼ਨੂ ਕੰਵਲ ਉੱਤੇ ਬੈਠੇ ਤਰਦੇ ਰਹਿੰਦੇ ਸਨ, ਤਾਂ ਸ਼ੇਸ਼ਨਾਗ ਆਪਣੇ ਫਣ ਨਾਲ ਉਹਨਾਂ ਦੇ ਸਿਰ ਉੱਤੇ ਛਾਂ ਕਰਦਾ ਸੀ। *..ਸੱਪ ਦੇ ਫਣ ਨਾਲ ਦੈਵੀ ਪੁਰਖਾਂ ਉੱਤੇ ਛਾਂ ਕਰਨ ਦੀਆਂ ਸਾਖੀਆਂ ਕਈ ਸੰਪਰਦਾਵਾਂ ਵਿੱਚ ਮਿਲਦੀਆਂ ਹਨ।'* [8] ਇੱਥੇ ਦਰਸ਼ਨ ਜੋਗਾ ਪੰਜਾਬੀ ਸਮਾਜ ਦੀ ਨਵ-ਪਹੁੰਚ ਨੂੰ 'ਮਿੱਥ' ਵਿਚ ਰੂਪਾਂਤਰਤ ਕਰਕੇ ਕਹਾਣੀ ਸਿਰਜਦਾ ਹੈ।

3.1.1 ਪਹਿਲਾਂ ਕਹਾਣੀ 'ਚੋਂ ਦੋ ਹਵਾਲੇ ਚੁਣਦੇ ਹਾਂ ਤਾਂ ਜੋ ਵਿਚਾਰ-ਲੜੀ ਬਣਨ ਵਿਚ ਆਸਾਨੀ ਹੋ ਸਕੇ:-

- *ਇਹ ਚੰਦ ਤਾਂ ਡੰਗ ਮਾਰਦੇ ਨੇ, ਹੁਣ ਵੀ ਖੜ੍ਹੇ ਦੇ...ਜਦੋਂ ਪਿਛਲਾ ਯਾਦ ਆਉਂਦੈ।* [9]
- *ਖੜ੍ਹਨਾ ਵੀ ਔਖਾ ਹੋ ਗਿਐ। ਪਹਿਲੀਆਂ ਈ ਸੂਤ ਨਹੀਂ ਆਉਂਦੀਆਂ ਸੀ... ਹੁਣ ਇਹਦੇ ਨਾਲ ਵੀ ਪਾ ਲਈਆਂ ਪੀਂਘਾਂ ..। ਆ ਨਵੇਂ ਫਨੀਅਰ ਨੇ ਜਮਾਂ ਹੀ ਡੰਗ ਕੇ ਰੱਖਤਾ..।* [10]

3.2 ਮਨੁੱਖੀ ਸੰਵੇਦਨਾਵਾਂ, ਸਥਿਤੀਆਂ, ਵਿਕਾਸ ਵਿਚਲੀ ਅੜਚਣ ਵਿਚ 'ਜਾਤ-ਪਾਤ' ਵੱਡਾ ਫੈਕਟਰ ਹੈ। ਦੋਸਤੀ ਦੇ ਨਾਂ ਤੇ ਡੰਗ ਮਾਰਨ ਵਾਲੇ ਫਨੀਅਰ ਦੀ ਪਛਾਣ ਕਰਨਾ; ਕਥਾ ਦਾ ਮੁੱਖ ਮਨੋਰਥ ਹੈ।

3.2.1 ਨਿਮਨ ਸ਼੍ਰੇਣੀ ਨਾਲ ਤਾਅਲੁਕ ਰੱਖਦੇ ਮਲਕੀਤ ਨੂੰ ਉਸਦੀ ਪ੍ਰੇਮਿਕਾ ਨਿਮਰਤ ਖੰਗੂੜਾ ਇਹ ਕਹਿ ਕੇ ਲਾਂਭੇ ਕਰਦੀ ਹੈ ਕਿ, "ਜੇ ਆਪਣੀ ਕਾਸਟ ਇੱਕ ਹੁੰਦੀ ਤਾਂ ਮੈਂ ਪਾਪਾ ਅੱਗੇ ਅੜ ਜਾਂਦੀ। ਅਮੀਰੀ ਗਰੀਬੀ ਦੀ ਪ੍ਰਵਾਹ ਨਹੀਂ ਸੀ ਮੈਨੂੰ ਪਰ ...।' ਕਨੈਡਾ ਵਸਨੀਕ ਨਾਲ ਵਿਆਹ ਕਰਵਾ ਲੈਂਦੀ ਹੈ। 'ਪਰ' ਸ਼ਬਦ ਸਿੱਧ ਕਰਦਾ ਹੈ ਕਿ ਇਸ਼ਕ ਨੂੰ ਸਰ ਕਰਨ ਲਈ ਨਾਬਰੀ ਰਾਹ ਅਪਣਾਉਣਾ ਅਜੇ ਵੀ ਔਖੈ। ਮਲਕੀਤ ਇਸ਼ਕ-ਪੀੜ ਨੂੰ ਸਹਿਣ ਕਰ ਲੈਂਦਾ ਹੈ। ਵਿਡੰਬਨਾ ਇਹ ਹੈ ਕਿ ਉਸਦੇ ਇੰਗਲੈਂਡ ਵਸਦੇ ਦੋਸਤ ਰਵਾਇਤ ਸੰਧੂ ਵੱਲੋਂ ਨਿਮਰਤ ਖੰਗੂੜਾ ਦੇ ਪਿੰਡ ਮੇਲੇ ਦੀ ਕਵਰੇਜ ਕਰਨ ਭੇਜੀ ਟੀਮ ਵਿਚਲੀ ਜੀਨਾ ਚਹਿਲ ਤੋਂ ਪਤਾ ਲੱਗਦਾ ਹੈ ਕਿ ਸੰਧੂ ਵੀ, ਨਿਮਰਤ 'ਚ ਦਿਲਚਸਪੀ ਰੱਖਦਾ ਹੈ। ਤਦ ਉਪਰੋਕਤ ਮਨਬਚਨੀ/ਸੰਵਾਦ ਉਸਦੇ ਮਨ ਅੰਦਰ ਖੌਰੂ ਪਾਉਣ ਲੱਗਦਾ ਹੈ। ਪਿਆਰ ਅਤੇ ਦੋਸਤੀ ਦਾ ਫਨੀਅਰ ਰੂਪ ਛਟਪਟਾਹਟ ਪੈਦਾ ਕਰਦਾ ਹੈ। ਮੇਲੇ ਤੋਂ ਮਿਲੀ ਸੂਚਨਾ ਕਾਰਣ ਘਰ ਪਰਤਣਾ;ਅਸਹਿ ਹੋ ਜਾਂਦਾ ਹੈ।

3.2.2 ਮਨ ਅੱਗੇ-ਪਿੱਛੇ ਦੌੜਦਾ ਹੈ; ਖੁਣੀਏ ਤੋਂ ਮਸ਼ੀਨ ਦੀ ਤਿੱਖੀ ਸੂਈ ਨਾਲ ਖੁਣਾਇਆ ਚੰਦ ਯਾਦ ਆਉਂਦੈ;' ਲੈ ਕੇ ਬਣ ਜਾ ਹਵਾ ਬੀਕਾਨੇਰ ਬੰਨੀ ਦੇਖੀ ਜਾਊ..; ਇਹਨਾਂ ਨੂੰ ਭਾਂਡੇ ਨੀ ਦੇਣੇ; ਥੋਡੇ ਘਰਾਂ 'ਚੋਂ। ਜੈਲਾ ਸਾਡੇ ਟੱਬਰ ਦੀਆਂ ਜੁੱਤੀਆਂ ਬਣਾਉਂਦੈ ਆਦਿ- ਆਦਿ ਬੋਲ/ਕਥਾ-ਅੰਸ ਨੂੰ ਜ਼ਿਕਰਯੋਗ 3.1.1 'ਚ ਦਰਜ ਸੰਵਾਦ ਨਾਲ ਜੋੜ ਕੇ ਬਹੁਤ ਕੁਝ ਅਨੁਮਾਨ ਲਗਾਇਆ ਜਾ ਸਕਦਾ ਹੈ। ਵਧੇਰੇ ਜਾਣਨ ਲਈ ਤਾਂ ਕਹਾਣੀ ਪੜ੍ਹਨੀ ਪਵੇਗੀ। ਉਂਝ ਉੱਤੇ ਉਪ-ਸਿਰਲੇਖ ਵੱਜੋਂ 'ਚੰਦ ਦਾ ਡੰਗ' ਕਿਉਂ ਲਿਖਿਆ ਹੈ; ਸਪਸ਼ਟ ਹੋ ਗਿਆ ਹੋਵੇਗਾ।

3.3 ਹਾਂ, ਜੀਨਾ ਚਹਿਲ ਦੀ ਕਵਰੇਜ ਨਾਲ ਤੁਰਦੀ ਕਹਾਣੀ ਵਿਚ ਆਏ ਲੋਕਧਾਰਾਈ, ਸਭਿਆਚਾਰਕ, ਕਲਾ, ਦਾਰਸ਼ਨਿਕ ਵਿਚਾਰ ਸੁਚੇਤ ਯਤਨ ਜਾਪਣ ਲਗਦੇ ਨੇ; ਭਾਵੇਂ ਕਿ ਗਿਆਨ ਭਰਪੂਰ ਨੇ।

### 4. ਸਿੱਧੜ ਬੰਦੇ ਦਾ ਜੀਵਨ-ਮੁੱਲ: ਸਿੱਧੀਆਂ ਧਾਰਾਂ

4.1 *'ਪਿਛਲੇ ਕਮਰੇ ਦਾ ਬਾਰ ਖੜ੍ਹਕਦੇ...ਕਿਤੇ ਬਿੱਲੀ ਨਾ ਵੜ੍ਹਗੀ ਹੋਵੇ ਅੰਦਰ...। ਚੌਕਸੀ ਨਾਲ ਔਹਲਦੀ ਵੇਖਦੀ ਆਂ। 'ਇਹ ਤਾਂ ਇਹੀ ਬਿੱਲੋ ਐ' ਸਿਰ ਤੋਂ ਆਪਣਾ ਸ਼ਾਲ ਜਾਹ ਸੂਤ ਕਰਦੀ ਆ ਰਹੀ ਐ। 'ਆਹ ਕੀ' ਮਗਰ ਗੁੱਡੂ ਪਜ਼ਾਮਾ ਲੋਟ ਕਰਦਾ ਮੂੰਹ 'ਤੇ ਹੱਥ ਫੇਰਦਾ ਤੁਰਿਆ ਆਉਂਦੈ। ਲੈ ਹੁਣ ਵੱਜੀਆਂ ਨੇ ਸਿੱਧੀਆਂ ਧਾਰਾ...* "[11] ਕਹਾਣੀ ਦੇ ਅੰਤਿਮ ਬੋਲ ਨੇ। ਟਿਕਾਊ।

4.1.1 ਮਾਂ, ਦ੍ਰਿਸ਼ ਨੂੰ ਸਿੱਧੜ ਪੁੱਤ ਦੇ ਨਜ਼ਰੀਏ ਤੋਂ ਤੱਕਦੀ ਹੋਈ ਬੜਬੋਲੀ ਨੂੰਹ ਪ੍ਰੀਤ ਪ੍ਰਤੀ ਮਨੋ-ਹੁੰਗਾਰਾ ਦਿੰਦੀ ਹੈ।

4.1.2 ਗੁੱਡੂ; ਅੰਤਰ ਦਾ ਭਰਾ ਹੈ। ਗੈਰੀ, ਉਸਦਾ ਭਤੀਜਾ। ਗੁੱਡੂ; ਸਿੱਧੜ। ਅੰਤਰ; ਨਿਖੱਟੂ, ਕਰਜਈ। ਗੈਰੀ ਨੇ ਆਈਲੈਟਸ ਇਮਤਿਹਾਨ ਪਾਸ ਕਰ ਲਿਆ ਹੈ; ਕਨੈਡਾ ਜਾਣਾ ਹੈ; ਪੂੰਜੀ ਚਾਹੀਦੀ ਹੈ। ਇੱਥੋਂ ਹੀ ਸਿੱਧੜ ਦਿਉਰ ਦਾ ਜੀਵਨ-ਮੁੱਲ ਪੈਂਦਾ ਹੈ। ਪ੍ਰੀਤ ਦੇ ਕਾਰ-ਵਿਹਾਰ, ਚਾਲ-ਚਲਨ ਬਾਰੇ ਸੰਕੇਤ ਮਿਲਣ ਲੱਗਦੇ ਹਨ।

4.1.3 ਕਹਾਣੀ ਗੁੱਡੂ ਦੁਆਲੇ ਬੁਣੀ ਗਈ ਹੈ। ਉਸਦੇ ਸਿੱਧੜ ਸੁਭਾਅ

ਨਾਲ ਜੁੜੇ ਹੇਠ ਲਿਖੇ ਦੋ ਕਥਨ ਗਹੁ ਨਾਲ ਪੜ੍ਹਨੇ ਬਣਦੇ ਨੇ:-

- *ਇਹ ਤਾਂ ਹਾਲੇ ਵੀ ਮੇਰੇ ਨਾਲ ਸੌਂ ਜਾਂਦੈ*[12] *(ਮਾਂ ਵੱਲੋਂ)*
- *ਇਸ ਬੋਡਲ ਨੂੰ ਪਰ੍ਹੇ ਰੱਖਿਆ ਕਰ ਜਵਾਕ ਤੋਂ। ਕਿਵੇਂ ਹਾਬੜਿਆ ਫਿਰਦੈ---ਅਮਰੀਕਣ ਢੱਠਾ*[13]

4.2 ਪੰਜਾਬੀ ਗਲਪ/ਸਾਹਿਤ ਵਿਚ 'ਘਰ' ਨੂੰ ਬਚਾਉਣ ਲਈ ਦਿਉਰ/ਜੇਠ ਮੂਹਰੇ ਆਉਂਦੇ ਹਨ। ਇੱਥੇ ਅੰਤਰ ਦਾ ਤਾਇਆ ਜੇਠ ਵੱਜੋਂ ਹਾਜ਼ਰ ਹੈ। ਭਰਾ ਗੁੱਡੂ, ਨੇ ਦਿਉਰ ਦੀ ਭੂਮਿਕਾ ਨਿਭਾਈ ਹੈ। ਪਰਦੇ ਅੱਗੇ। ਉਸ ਨਾਲ ਜੁੜੇ / ਵਾਪਰਦੇ ਵਰਤਾਰੇ ਧਿਆਨ ਮੰਗਦੇ ਹਨ। ਘਰ। ਬਾਹਰ। ਡੇਰੇ।

4.3 ਕਹਾਣੀਕਾਰ ਨੇ ਲੱਗਦੇ ਹੱਥ ਕਰੋਨਾ ਅਤੇ ਕਿਸਾਨੀ ਅੰਦੋਲਨ ਦਾ ਵਿਚਾਰ-ਜਾਲ ਵੀ ਤਾਣ ਲਿਆ ਹੈ। ਅਤੇ ਜੀਵਨ ਤੋਂ ਵਿਛੁੰਨੇ ਨੂੰ ਨਵਾਂ ਜੀਵਨ ਵੀ ਦੇ ਦਿੱਤਾ ਹੈ। ਕਲਮ, ਕਲਾਕਾਰੀ ਦਾ ਗੁਣ ਇਹੋ ਜਿਹਾ ਵੀ ਹੋ ਸਕਦੈ।

**5. ਫਨੀਅਰ ਦੀ ਅਗਲੀ ਕੜੀ: ਸਪੋਲੀਏ**

5.1 ਸੱਪਾਂ ਦੇ ਨਾਂ ਉੱਤੇ ਘੜੇ ਸਿਰਲੇਖ ਦਾ ਕਾਰਣ: ਰਿਸ਼ਤਿਆਂ ਦੀ ਖੁਰਦੀ ਮਰਿਆਦਾ ਨਾਲ ਸੰਬੰਧਤ ਹੈ। ਸਮਾਜਕ ਤਬਦੀਲੀ ਪਰੰਪਰਾ ਨੂੰ ਅਪ੍ਰਵਾਨ ਕਰ ਰਹੀ ਹੈ। ਪੁਰਾਣੇ ਅਤੇ ਨਵੇਂ ਦਾ ਤਣਾਉ/ਖਿੱਚੋਤਾਣ; ਬੇਚੈਨੀ, ਨਿਰਾਸ਼ਾ, ਇਕੱਲਤਾ, ਬੇਵਸੀ ਆਦਿ 'ਚ ਬਦਲਦਾ ਹੈ। ਸੰਵਾਦ ਦੀ ਕਮੀ; ਸੰਵੇਦਨਾਵਾਂ, ਸੁਪਨਿਆਂ, ਪਿਆਰ, ਮੁਹੱਬਤ ਆਦਿ ਨੂੰ ਮਾਰਦੀ ਹੈ। ਫਨੀਅਰ ਦੇ ਮਲਕੀਤ ਦਾ ਪ੍ਰੇਮ, ਜਾਤੀਗਤ ਮੁਸ਼ਕਲਾਂ ਕਰਕੇ ਅਧੂਰਾ ਰਹਿੰਦਾ ਹੈ। ਇੱਥੇ ਰੇਹੜੀ ਵਾਲੇ ਹਰੀ ਚੰਦ ਦਾ ਪੁੱਤ ਹੈਪੀ, ਮੈਡਮ ਨਾਲ 'ਕੋਰਟ ਮੈਰਿਜ' ਕਰਵਾਉਣ ਵਿਚ ਸਫ਼ਲ ਹੋ ਜਾਂਦਾ ਹੈ। ਪਰ ਆਪਣੀ ਅਮੀਰੀ 'ਚ ਜਾਤ ਲੁਕਾਉਣਾ ਚਾਹੁੰਦਾ ਹੈ; ਅਤੇ ਮਿਹਨਤਕਸ਼ ਬਾਪ ਨਾਲੋਂ ਸਰਕਾਰੀ ਮੁਲਾਜ਼ਮ ਲੱਗੇ ਚਾਚੇ ਸੁਰਿੰਦਰ ਨੂੰ ਤਰਜੀਹ ਦੇਣੀ ਪਸੰਦ ਕਰਦਾ ਹੈ। ਹਰੀ ਦੀ ਨਸੀਹਤ 'ਏਸ ਸਪੋਲੀਏ ਤੋਂ ਬਚੋ' ਵਿਅਰਥ ਜਾਂਦੀ ਹੈ। ਉਹ ਮਨ ਦੀ ਭੜਾਸ ਇਉਂ ਕੱਢਦਾ ਹੈ: *...ਮੇਰਾ ਈ ਭਾਈ ਐ। ਮਖਿਆਂ, 'ਮੈਂ ਕੀ ਲੈਣੈਂ ਭਾਵੇਂ ਕਾਲੇ ਚੋਰ ਨੂੰ ਲੈ ਜੇ। ਟਾਂਕਾ, ਝੋਲ ਅਸਲ ਨਾਲ਼ ਨੀ ਰਲਦੇ...। ਅਸਲ-ਅਸਲ ਰਹਿੰਦੈ।'* [14]

5.2 ਕਹਾਣੀਕਾਰ, ਜਾਤੀ-ਧਾਰਨਾ ਬਾਰੇ ਬਣ ਰਹੇ ਨਵੇਂ ਸਮੀਕਰਨਾਂ ਨੂੰ ਟੋਹ ਰਿਹਾ ਹੈ। ਦੋਵੇਂ ਪਾਸਿਓਂ।

**6. ਜੀਵਨ-ਰਾਹ ਦੀ ਤਲਾਸ਼: ਇਕ ਦਰਵਾਜ਼ਾ**

6.1 *'ਤੈਨੂੰ ਚਾਰੇ ਦਰਵਾਜ਼ੇ ਖੁੱਲ੍ਹੇ ਨੇ...ਤੇਰੇ ਕੱਪੜੇ ਮੈਂ ਚੱਕ ਲਿਆਈ...ਘਰੇ ਰਹਿ ਬਹਿ......ਜੇ ਕਦੇ ਮੈਂ ਉਹ ਕੁਲੱਛਣੀ ਤੀਮੀਂ ਨਾਲ ਵੇਖ ਲਿਆ ਤੇਰੇ ਸਾਹਮਣੇ ਤੇਲ ਪਾ ਕੇ ਮੱਚੂੰ।'* [15] ਇਹ ਵਾਕ ਭਰਜਾਈ ਨੇ ਜੇਠ ਨੂੰ ਬੋਲਿਆ ਹੈ ਕਿਉਂਕਿ: ਉਹ ਭੋਲੀ ਘੁਮਿਆਰੀ ਦੇ ਦਰ ਜਾਣ ਲੱਗਿਆ ਹੈ। ਘਰ ਸੰਕਟ 'ਚ ਆ ਗਿਆ ਹੈ। ਉਹ ਗਲੀ 'ਚ ਡਿੱਗੇ ਪਏ ਜੇਠ ਨੂੰ ਚੁੱਕ ਲਿਆਈ ਹੈ;ਸਿਰ ਨੂੰ ਪੱਟ ਦਾ ਸਹਾਰਾ ਦਿੱਤਾ ਹੈ। ਜੇਠ ਬੋਲਿਆ ਹੈ:- *ਜੇ ਤੂੰ ਠੀਕ ਐਂ, ਚਾਰੇ ਦਰਵਾਜ਼ੇ ਤਾਂ ਕੀ ਮੈਨੂੰ ਇਕੋ ਬਹੁਤ ਐ...ਮੈਂ ਕੀ ਲੈਣੈ ਕਿਤੋਂ ਧੱਕੇ ਖਾ ਕੇ..।'*[16]

6.1.1 ਇਹ ਕਹਾਣੀ 'ਸਿੱਧੀਆਂ ਧਾਰਾਂ' ਦਾ ਉਲਟਾਵਾਂ ਵਿਸਤ੍ਰਿਤ ਰੂਪ ਹੈ। ਉੱਥੇ ਦਿਉਰ: ਇੱਥੇ ਜੇਠ। ਦੋਵੇਂ ਥਾਂ: ਬੰਦੇ ਨਾਲੋਂ ਜਾਇਦਾਦ ਦਾ ਮੁੱਲ ਹੈ।

6.1.2 ਘਰ ਨੂੰ ਬੰਨ੍ਹਣ ਵਾਸਤੇ ਔਰਤ 'ਦੇਹ' ਦਾਅ 'ਤੇ ਲਾਉਂਦੀ ਹੈ।

6.2 ਜੀਵਨ-ਰਾਹ ਦੀ ਤਲਾਸ਼ ਵਿਚ ਔਰਤ, ਬੰਦੇ ਵੱਲ ਝਾਕਣ ਦੀ ਥਾਂ ਮਨ ਤੋਂ ਪੁੱਛਦੀ ਹੈ। ਬੰਦੇ ਨੂੰ ਬਚਾ ਵੀ ਲੈਂਦੀ ਹੈ। 'ਤੇ ਕਬਜ਼ੇ ਵਿਚ ਵੀ ਕਰ ਲੈਂਦੀ ਹੈ। ਔਲਾਦ ਕਰਕੇ।

6.3 ਔਰਤ ਦੇ ਖ਼ਿਆਲ ਪਿੰਡ, ਸ਼ਹਿਰ, ਮਹਾਂਨਗਰ ਆਦਿ ਦੀ ਵਿਉਂਤਬੰਦੀ ਮੁਤਾਬਕ ਵੀ ਢਲਦੇ ਹਨ। ਪਿੰਡ 'ਚ ਜ਼ਮੀਨ, ਜੀਵਨ ਜਿੰਨੀ ਮਹੱਤਵਪੂਰਨ ਹੈ। ਹਕੀਕਤ: ਜਾਨ ਤੋਂ ਵੀ ਵੱਧ।

**7. ਜਿੰਦਗੀ ਦੇ ਆਰ-ਪਾਰ: ਲਕੀਰ**

7.1 ਰਿਸ਼ਤਿਆਂ ਦੇ ਪਾਲਣ-ਪੋਸ਼ਣ ਲਈ ਪ੍ਰੇਮ-ਭਾਵਾ ਦੀ ਜੀਵੰਤਤਾ ਲਾਜ਼ਮੀ ਵਾਂਗ ਹੈ। ਨਫ਼ਰਤ, ਪ੍ਰੇਮ ਵਿਰੋਧੀ ਹੈ। ਘਰ/ਜ਼ਿੰਦਗੀ ਵਿਚ ਜਦ ਆਪਣਿਆਂ ਨਾਲ 'ਲਕੀਰ' ਖਿੱਚੀ ਜਾਵੇ ਤਾਂ ਅਣਸੁਖਾਵੀਂ ਘਟਨਾ ਵਾਪਰਨ ਦੀ ਸੰਭਾਵਨਾ ਬਣ ਜਾਂਦੀ ਹੈ। ਸ਼ਿਵਿੰਦਰ ਆਪਣੀ ਨੂੰਹ ਪ੍ਰੀਤੀ ਨੂੰ ਸੁਖਜੀਤ ਦੀ ਮੌਤ ਦਾ ਕਾਰਣ ਮੰਨਦਾ ਹੈ। ਉਸ ਵਿਰੁੱਧ ਕਾਨੂੰਨੀ ਲੜਾਈ ਲੜਨਾ ਚਾਹੁੰਦਾ ਹੈ। ਲੇਕਿਨ ਪੋਤੇ ਸ਼ੁੱਭ ਦੀ ਦਲੀਲ *'ਥੋੜੇ ਬੀਜੇ ਕੰਢੇ ਚੁਗਦਾ ਈ ਰੁਲਦਾ -ਫਿਰਦਾਂ ....ਦੋ ਵਾਰੀ ਕਾਗਜ਼ ਮੋੜਤੇ ਮਹਿਕਮੇ ਆਲਿਆਂ ਨੇ ਨੌਕਰੀ ਦੇ। ਅਖੇ...ਕੋਰਟ ਦਾ ਫ਼ੈਸਲਾ ਆਉਣ ਦਿਓ...। ਤੁਸੀਂ ਫਾਨੇ ਵਾਂਗੂੰ ਅੜੇ ਬੈਠੇ ਓਂ। ਜੇ ਮੁਕੱਦਮੇ 'ਚ ਸਜ਼ਾ ਹੋਗੀ.. ਮਾਂ ਤਾਂ ਅੰਦਰ ਵਗਜੂ, ਮੈਂ ਬਾਹਰ ਰੁਲਦਾ ਫਿਰੂੰ ਗਲੀਆਂ ਦੇ ਕੱਖਾਂ ਵਾਂਗੂੰ...ਮੇਰਾ ਕਸੂਰ ਇਹੀ ਐ...ਥੋਡੇ ਜੰਮ ਪਿਆ ਜਿਹੜਾ।'*[17] ਅੱਗੇ ਜਵਾਬਹੀਣ ਹੋ ਜਾਂਦਾ ਹੈ। ਅਤੇ ਵਕੀਲ ਨੂੰ ਫ਼ੋਨ ਕਰ ਕੇਸ ਵਾਪਸ ਲੈਣ ਲਈ ਕਹਿੰਦਾ ਹੈ। ਜ਼ਮੀਨ ਵੱਲ ਵੇਖਦਾ ਹੋਇਆ ਖਿੱਚੀ ਲਕੀਰ 'ਤੇ ਪੈਰ ਧਰ ਲੈਂਦਾ ਹੈ।

7.1.1 ਜ਼ਿੰਦਗੀ ਦੇ ਆਰ-ਪਾਰ ਪਰਿਵਾਰ ਹੈ। ਗ਼ੈਰਤ ਹੈ। ਨੌਕਰੀ ਹੈ। ਦ੍ਰਿਸ਼ਟੀ ਹੈ।

7.2 ਮੁੱਖ ਪਾਤਰ ਨੂੰ ਕਲਪਨਾ, ਯਥਾਰਥ, ਪੁਨਰ-ਯਾਦ ਵਿਧੀ ਨਾਲ ਉਲੀਕ ਕੇ ਵਧੀਆ ਕਹਾਣੀ ਬਣਾ ਦਿੱਤੀ ਹੈ।

**(ਅ) ਫਨੀਅਰ: ਕਥਾ-ਸੰਰਚਨਾ**

ਉੱਤਮੀ ਪੁਰਖੀ ਬਿਰਤਾਂਤ ਵਿਚ ਏਕਾਲਾਪ-ਸ਼ੈਲੀ ਅਧੀਨ ਮਲਵਈ ਬੋਲੀ ਪ੍ਰਮੁੱਖ ਪਛਾਣ-ਚਿੰਨ੍ਹ ਰਹਿੰਦੀ ਹੈ। ਕਥਾ-ਸਿਰਨਾਵੇਂ ਕਹਾਣੀਆਂ ਅਤੇ ਸੰਗ੍ਰਹਿ ਨਾਲ ਨਿਆਂਕਾਰੀ ਕਰਦੇ ਨੇ। 'ਫਨੀਅਰ', ਮਨੁੱਖੀ ਜਾਤੀ, ਸਵਾਰਥੀ ਸੁਭਾਅ ਦੀ ਪੇਸ਼ਕਾਰੀ ਕਰਦਾ ਹੋਇਆ 'ਸਾਂਝਾ-ਬਿੰਦੂ' ਬਣ ਜਾਂਦਾ ਹੈ। ਸਪੋਲੀਏ, ਲਕੀਰ, ਸਿੱਧੀਆਂ ਧਾਰਾਂ ਆਦਿ ਖਿੱਚ ਦਾ ਕੇਂਦਰ ਵੀ ਬਣਦੇ ਨੇ। ਸਪੋਲੀਏ ਅਤੇ ਫਨੀਅਰ ਇਕ-ਦੂਜੇ ਦੀ ਕੜੀ ਵੀ ਬਣਦੇ ਨੇ। ਰਿਸ਼ਤਿਆਂ ਦੀ ਲਾਜ, ਖੁਦਗਰਜ਼ੀ 'ਚ ਬਦਲਦੀ ਹੈ। ਪਿੰਡ, ਸ਼ਹਿਰ ਜਾਂਦਾ ਹੈ। ਪਰੰਪਰਾ, ਹੁਣ ਨਾਲ ਜੁੜ ਅਰਥ-ਸੰਚਾਲਨ ਕਰਦੀ ਹੈ। *ਕਥਾ-ਪਾਤਰਾਂ ਦੇ ਮਨ ਖੁੱਲ੍ਹਦੇ ਜਾਂਦੇ ਨੇ: ਤਨ ਉਧੜਦੇ ਜਾਂਦੇ ਨੇ।*

## *ਹਵਾਲੇ ਅਤੇ ਟਿੱਪਣੀਆਂ*


1. *ਰਾਜੇਸ਼ ਸ਼ਰਮਾ, ਸਾਹਿਤ ਸ਼ਬਦ ਸੰਸਾਰ, ਆਟੱਮ ਆਰਟ, ਪਟਿਆਲਾ, 2024, ਸਫ਼ਾ:111*
2. *ਸਾਹਿਤ ਸੰਕਲਪ ਕੋਸ਼ (ਪ੍ਰੋ ਬ੍ਰਹਮਜਗਦੀਸ਼ ਸਿੰਘ), ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013, ਸਫ਼ਾ:19*
3. *ਦਰਸ਼ਨ ਜੋਗਾ, ਫਨੀਅਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024, ਸਫ਼ਾ:09*
4. *ਉਹੀ, ਸਫ਼ਾ:22*
5. *ਉਹੀ, ਸਫ਼ਾ:23*
6. *ਉਹੀ, ਸਫ਼ਾ:34*
7. *ਉਹੀ, ਸਫ਼ੇ:34-35*
8. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਸਤਵੀਂ, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 2016, ਸਫ਼ੇ:1731-32*
9. *ਫਨੀਅਰ, ਸਫ਼ਾ:45*
10. *ਉਹੀ, ਸਫ਼ਾ:53*
11. *ਉਹੀ, ਸਫ਼ਾ:66*
12. *ਉਹੀ, ਸਫ਼ਾ:62*
13. *ਉਹੀ*
14. *ਉਹੀ, ਸਫ਼ਾ:79*
15. *ਉਹੀ, ਸਫ਼ਾ:88*
16. *ਉਹੀ 9*
17. *ਉਹੀ, ਸਫ਼ੇ:98-99*



***Cite this Article-***

*ਡਾ. ਚੰਦਰ ਪ੍ਰਕਾਸ਼ (Dr. Chander Prakash), ਤਨ-ਮਨ ਦਾ ਡੰਗ: 'ਫਨੀਅਰ' (TANN-MANN DA DHAANG: 'FANIAR'), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 77-81.*

***Journal URL:*** *www.armaan.org.in*

***DOI: https://doi.org/10.64119/armaan.vol.3.issue2.14***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*